# ਫਾਰਮ-7

[ਵੇਖੋ ਨਿਯਮ 13(2) ਅਤੇ 26]

## ਵੋਟਰ ਸੂਚੀ ਵਿਚ ਨਾਮ ਸ਼ਾਮਿਲ ਕਰਨ ਦੇ ਇਤਰਾਜ਼ ਜਾਂ ਨਾਮ ਨੂੰ ਕੱਟਣ ਲਈ ਬਿਨੈ ਪੱਤਰ

ਸੇਵਾ ਵਿਖੇ

ਚੋਣਕਾਰ ਰਜਿਸਟ੍ਰੇਸ਼ਨ ਅਫਸਰ

.................. ਵਿਧਾਨ ਸਭਾ / £ ਲੋਕ ਸਭਾ ਚੋਣ ਹਲਕਾ ।

ਸ਼੍ਰੀਮਾਨ ਜੀ,

@ ਮੈਂ ਉਪਰੋਕਤ ਚੋਣ ਹਲਕੇ ਲਈ ਨਿਮਨ ਵਰਣਿਤ ਵਿਅਕਤੀ ਦੇ ਨਾਮ ਨੂੰ ਪ੍ਰਸਤਾਵਿਤ ਤੌਰ ਤੇ ਵੋਟਰ ਸੂਚੀ ਵਿੱਚ ਸ਼ਾਮਿਲ ਕਰਨ ਤੇ ਇਤਰਾਜ਼ ਕਰਦਾ ਹਾਂ। ਮੇਰੇ ਇਤਰਾਜ਼ ਦੀ ਹਿਮਾਇਤ ਵਿੱਚ ਵੇਰਵੇ ਹੇਠਾਂ ਦਿੱਤੇ ਜਾਂਦੇ ਹਨ।

ਜਾਂ

@ ਮੈਂ ਬੇਨਤੀ ਕਰਦਾ ਹਾਂ ਕਿ ਮੇਰਾ/ਹੇਠਾਂ ਵਰਣਿਤ ਵਿਅਕਤੀ ਦੇ ਸਬੰਧ ਵਿੱਚ ਇੰਦਰਾਜ਼ ਨੂੰ ਨਿਮਨ ਵਰਣਿਤ ਕਾਰਣਾਂ ਕਰਕੇ ਕੱਟਿਆ ਜਾਵੇ:

| | | | |
|---|---|---|---|
| **I.** @ **ਉਸ ਵਿਅਕਤੀ ਦਾ ਵੇਰਵਾ ਜਿਸ ਦੇ ਨਾਮ ਨੂੰ ਸ਼ਾਮਲ ਕਰਨ ਤੇ ਇਤਰਾਜ਼ ਕੀਤਾ ਗਿਆ ਹੈ।** @ **ਉਸ ਵਿਅਕਤੀ ਦਾ ਵੇਰਵਾ ਜਿਸਦਾ ਇੰਦਰਾਜ਼ ਕੱਟਿਆ ਜਾਣਾ ਹੈ :** | ਨਾਮ | | ਉਪ ਨਾਮ (ਜੇ ਕੋਈ ਹੈ) |
| | | | |
| | ਵੋਟਰ ਸੂਚੀ ਦਾ ਭਾਗ ਨੰਬਰ ਜਿਸ ਵਿਚ ਉਸ ਦਾ ਨਾਮ ਸ਼ਾਮਲ ਕੀਤਾ ਗਿਆ ਹੈ : | ਉਸ ਭਾਗ ਵਿੱਚ ਪੁਰਸ਼/ਇਸਤਰੀ ਦਾ ਲੜੀ ਨੰਬਰ : | ਵੋਟਰ ਦਾ ਫੋਟੋ ਸ਼ਨਾਖਤੀ ਕਾਰਡ ਨੰਬਰ (ਜੇਕਰ ਜਾਰੀ ਕੀਤਾ ਗਿਆ) : |
| **II.** # **ਇਤਰਾਜ਼ ਕਰਤਾ ਦਾ ਵੇਰਵਾ** | ਨਾਮ | | ਉਪ ਨਾਮ (ਜੇ ਕੋਈ ਹੈ) |
| | | | |
| $ **ਲਿੰਗ (ਪੁਰਸ਼/ਇਸਤਰੀ/ਹੋਰ) :** | ਵੋਟਰ ਸੂਚੀ ਦਾ ਭਾਗ ਨੰਬਰ ਜਿਸ ਵਿਚ ਇਤਰਾਜ਼ ਕਰਨ ਵਾਲੇ ਦਾ ਨਾਮ ਸ਼ਾਮਿਲ ਕੀਤਾ ਗਿਆ ਹੈ : | | ਉਸ ਭਾਗ ਵਿੱਚ ਉਸਦਾ ਲੜੀ ਨੰਬਰ : |
| * ਪਿਤਾ/ਮਾਤਾ/ਪਤੀ ਦਾ ਨਾਮ : | ਨਾਮ | | ਉਪ ਨਾਮ (ਜੇ ਕੋਈ ਹੈ) |
| | | | |

| | |
|---|---|
| **III.** | @ **ਉਹ ਵਿਅਕਤੀ ਜੋ ਨਾਮ ਕੱਟਵਾਉਣਾ ਚਾਹੁੰਦਾ ਹੈ ਜਾਂ** @ **ਇਤਰਾਜ਼ ਕਰਤਾ ਦੀ ਸਾਧਾਰਣ ਰਿਹਾਇਸ਼ ਦਾ ਵੇਰਵਾ:** |
| ਮਕਾਨ/ਘਰ ਨੰਬਰ : | |
| ਗਲੀ/ਖੇਤਰ/ਇਲਾਕਾ/ਮੁਹੱਲਾ/ਸੜਕ : | |
| ਸ਼ਹਿਰ/ਪਿੰਡ : | |
| ਡਾਕਖਾਨਾ : | ਪਿੰਨ ਕੋਡ : |
| ਤਹਿਸੀਲ/ਤਾਲੁਕਾ/ਮੰਡਲ/ਥਾਣਾ : | |
| ਜ਼ਿਲਾ : | |

£ ਕੇਂਦਰ ਸ਼ਾਸਿਤ ਪ੍ਰਦੇਸ ਅਤੇ ਜੰਮੂ ਕਸ਼ਮੀਰ ਵਿਚ ਵਿਧਾਨ ਸਭਾ ਚੋਣ ਹਲਕਾ ਨਾ ਹੋਣ ਕਾਰਣ।

@ ਵੋਟਰ ਸੂਚੀ ਦੀ ਤਿਆਰੀ ਦੌਰਾਨ ਪਹਿਲਾ ਵਿਕਲਪ ਢੁੱਕਵਾਂ ਹੋਵੇਗਾ। ਵੋਟਰ ਸੂਚੀ ਦੇ ਅੰਤਿਮ ਤੌਰ ਤੇ ਪ੍ਰਕਾਸ਼ਿਤ ਹੋਣ ਉਪਰੰਤ ਨਿਰੰਤਰ ਮਿਤੀ ਅੰਤ ਤੱਕ ਪੂਰਾ ਕਰਨ ਦੌਰਾਨ ਦੂਜਾ ਵਿਕਲਪ ਢੁੱਕਵਾਂ ਹੋਵੇਗਾ।

* ਅਣਉਚਿਤ ਵਿਕਲਪ ਕੱਟ ਦਿਓ ।

# ਜਿਥੇ ਬਿਨੈਕਾਰ ਆਪਣੇ ਬਾਰੇ ਇੰਦਰਾਜ਼ ਨੂੰ ਕੱਟਵਾਉਣਾ ਚਾਹੁੰਦਾ ਹੈ ਉਥੇ ਭਾਗ-।। ਨਾਂ ਭਰਿਆ ਜਾਵੇ।

$ ਬਿਨੈਕਾਰ ਵਲੋਂ ਲਿੰਗ ਵਾਲੇ ਕਾਲਮ ਵਿਚ 'ਹੋਰ' ਭਰਿਆ ਜਾਵੇ ਜੇ ਉਹ ਪੁਰਸ਼/ਇਸਤਰੀ ਨਹੀਂ ਦਰਸ਼ਉਣਾ ਚਾਹੁੰਦਾ।

**IV.** ਇਤਰਾਜ਼ ਕੱਟਣ ਲਈ ਕਾਰਣ:

**V.** ਘੋਸ਼ਣਾ :

ਮੈਂ ਇਸ ਰਾਹੀਂ ਇਹ ਘੋਸ਼ਣਾਂ ਕਰਦਾ ਹਾਂ ਕਿ ਉਪਰੋਕਤ ਵਰਣਿਤ ਵੇਰਵੇ ਮੇਰੇ ਗਿਆਨ ਤੇ ਵਿਸ਼ਵਾਸ ਦੇ ਅਨੁਸਾਰ ਸੱਚੇ ਹਨ।

ਪਤਾ : ਮਿਤੀ : **ਬਿਨੈਕਾਰ ਦੇ ਹਸਤਾਖਰ ਜਾਂ ਅੰਗੂਠੇ ਦਾ ਨਿਸ਼ਾਨ**

**ਨੋਟ:-** ਕੋਈ ਵਿਅਕਤੀ ਜੋ ਅਜਿਹਾ ਬਿਆਨ ਜਾਂ ਘੋਸ਼ਣਾ ਕਰਦਾ ਹੈ ਜਾਂ ਜਿਸ ਬਾਰੇ ਉਹ ਜਾਣਦਾ ਜਾਂ ਵਿਸ਼ਵਾਸ ਕਰਦਾ ਹੈ ਕਿ ਉਹ ਗਲਤ ਹੈ ਜਾਂ ਉਸਨੂੰ ਇਹ ਲਗਦਾ ਹੈ ਕਿ ਠੀਕ ਨਹੀਂ ਹੈ, ਉਹ ਲੋਕ ਪ੍ਰਤੀਨਿਧਤਾ ਐਕਟ 1950 (1950 ਦਾ 43) ਦੀ ਧਾਰਾ 31 ਅਧੀਨ ਦੰਡ ਯੋਗ ਹੈ।

* ਅਣਉਚਿਤ ਵਿਕਲਪ ਕੱਟ ਦਿਓ।

| **ਕੀਤੀ ਗਈ ਕਾਰਵਾਈ ਦੇ ਵੇਰਵੇ**<br>**(ਚੋਣ ਹਲਕੇ ਦੇ ਚੋਣਕਾਰ ਰਜ਼ਿਸਟ੍ਰੇਸ਼ਨ ਅਫਸਰ ਦੁਆਰਾ ਭਰਿਆ ਜਾਵੇ।)** |
|---|

ਸ਼੍ਰੀ/ਸ਼੍ਰੀਮਤੀ/ਕੁਮਾਰੀ.......................................................ਦਾ ਬਿਨੈ ਪੱਤਰ ਜਿਸ ਨੇ ਫਾਰਮ ਨੰ-7 ਵਿੱਚ ਵੋਟਰ ਸੂਚੀ ........................... ਸ਼੍ਰੀ/ਸ਼੍ਰੀਮਤੀ/ਕੁਮਾਰੀ .....................................................ਦੇ ਨਾਮ ਨੂੰ ਸ਼ਾਮਲ ਕਰਨ*/ਕਰਵਾਉਣ* ਤੇ ਇਤਰਾਜ਼ ਕੀਤਾ ਹੈ ਨੂੰ ਸਵੀਕਾਰ* / **ਰੱਦ*** ਕੀਤਾ ਗਿਆ ਹੈ।

ਨਿਯਮ [ 18*/20*/26(4) £ ] ਦੇ ਅਧੀਨ ਪ੍ਰਵਾਨ ਕਰਨ ਜਾਂ [ 17*/20*/26(4) £] ਦੇ ਅਧੀਨ ਜਾਂ ਉਸਦੇ ਅਨੁਸਾਰ ਰੱਦ ਕਰਨ ਦੇ ਵਿਸ਼ਤ੍ਰਿਤ ਕਾਰਣ।

| | | |
|---|---|---|
| ਸ਼ਥਾਨ :<br><br>ਮਿਤੀ : | **ਚੋਣਕਾਰ ਰਜ਼ਿਸਟ੍ਰੇਸ਼ਨ ਅਫਸਰ ਦੇ ਹਸਤਾਖਰ** | **ਚੋਣਕਾਰ ਰਜ਼ਿਸਟ੍ਰੇਸ਼ਨ ਅਫਸਰ ਦੀ ਮੋਹਰ** |

* ਅਣਉਚਿਤ ਵਿਕਲਪ ਕੱਟ ਦਿਓ।

£ ਵੋਟਰ ਸੂਚੀ ਦੇ ਅੰਤਿਮ ਪ੍ਰਕਾਸ਼ਨਾ ਉਪਰੰਤ ਨਿਰੰਤਰ ਮਿਤੀ ਅੰਤ ਤੱਕ ਪੂਰਾ ਕਰਨ ਦੌਰਾਨ।

<u>ਬਿਨੈ ਪੱਤਰ ਦੀ ਰਸੀਦ</u>

**ਸ਼੍ਰੀ/ਸ਼੍ਰੀਮਤੀ/ਕੁਮਾਰੀ............................................................................

ਪਤਾ ..........................................................ਦਾ ਬਿਨੈ ਪੱਤਰ ਫਾਰਮ-7 ਵਿੱਚ ਪ੍ਰਾਪਤ ਕੀਤਾ।

ਮਿਤੀ : ................

ਚੋਣਕਾਰ ਰਜ਼ਿਸਟ੍ਰੇਸ਼ਨ ਅਫਸਰ ਦੀ ਤਰਫੋਂ
ਬਿਨੈ ਪੱਤਰ ਪ੍ਰਾਪਤ ਕਰਨ ਵਾਲੇ ਅਫਸਰ ਦੇ ਹਸਤਾਖਰ

(ਪਤਾ) ...............................

* ਬਿਨੈਕਾਰ ਦੁਆਰਾ ਭਰਿਆ ਜਾਵੇ।

-----------------------------------------------------------------------------------

## ਫਾਰਮ - 7 ਭਰਨ ਲਈ ਦਿਸ਼ਾ ਨਿਰਦੇਸ਼

**ਫਾਰਮ - 7 ਕੌਣ ਭਰ ਸਕਦਾ ਹੈ**

1. ਵੋਟਰ ਸੂਚੀ ਦੇ ਕਿਸੀ ਭਾਗ ਵਿਚ ਕਿਸੀ ਵਿਅਕਤੀ ਦੇ ਨਾਮ ਨੂੰ ਸਾਮਲ ਕਰਨ ਤੇ ਇਤਰਾਜ ਜਾਂ ਵੋਟਰ ਸੂਚੀ ਦੇ ਕਿਸੀ ਭਾਗ ਵਿਚ ਪਹਿਲਾਂ ਤੋਂ ਹੀ ਸ਼ਾਮਲ ਕਿਸੀ ਨਾਮ ਦੇ ਕਟਵਾਉਣ ਲਈ ਉਸੀ ਵਿਅਕਤੀ ਦੁਆਰਾ ਦਾਖਲ ਕੀਤੀ ਜਾ ਸਕਦੀ ਹੈ ਜਿਸਦਾ ਨਾਮ ਪਹਿਲਾਂ ਤੋਂ ਹੀ ਉਸ ਵੋਟਰ ਸੂਚੀ ਵਿਚ ਸ਼ਾਮਲ ਹੋਵੇ।

**ਫਾਰਮ - 7 ਕਦੋਂ ਦਾਖਲ ਕੀਤਾ ਜਾ ਸਕਦਾ ਹੈ**

1. ਚੋਣ ਹਲਕੇ ਦੀ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸਨਾ ਤੋਂ ਬਾਅਦ ਇਤਰਾਜ ਲਈ ਬਿਨੈ-ਪੱਤਰ ਦਾਖਲ ਕੀਤਾ ਜਾ ਸਕਦਾ ਹੈ। ਬਿਨੈ-ਪੱਤਰ, ਇਸ ਮੰਤਵ ਲਈ ਮਿਥੇ ਸਮੇਂ ਦੇ ਅੰਦਰ ਅੰਦਰ ਹੀ ਦਾਖਲ ਕੀਤਾ ਜਾ ਸਕਦਾ ਹੈ। ਜਦੋਂ ਸੁਧਾਈ ਦੇ ਪ੍ਰੋਗ੍ਰਾਮ ਦੀ ਘੋਸ਼ਣਾ ਹੁੰਦੀ ਹੈ, ਤਾਂ ਮਿਥੇ ਸਮੇਂ ਦਾ ਖੁਲ੍ਹਾ ਪ੍ਰਚਾਰ ਕੀਤਾ ਜਾਂਦਾ ਹੈ।

2. ਬਿਨੈ-ਪੱਤਰ ਦੀ ਕੇਵਲ ਇਕ ਕਾਪੀ ਹੀ ਦਾਖਲ ਕਰਨੀ ਹੁੰਦੀ ਹੈ।

3. ਸੁਧਾਈ ਪ੍ਰੋਗ੍ਰਾਮ ਜਾਰੀ ਨਹੀਂ ਰਹਿਣ ਤੇ ਵੀ ਅੰਤਮ ਵੋਟਰ ਸੂਚੀ ਵਿਚ ਕਿਸੀ ਨਾਮ ਦੀ ਕਟੌਤੀ ਲਈ ਬਿਨੈ-ਪੱਤਰ ਸਾਲ ਵਿਚ ਕਦੇ ਵੀ ਦਾਖਲ ਕੀਤਾ ਜਾ ਸਕਦਾ ਹੈ। ਜਦੋਂ ਸੁਧਾਈ ਨਾ ਹੋਵੇ ਤਾਂ ਇਸ ਦੌਰਾਨ ਬਿਨੈ-ਪੱਤਰ ਦੋ ਪਰਤਾਂ ਵਿਚ ਦਾਖਲ ਕੀਤਾ ਜਾਣਾ ਚਾਹੀਦਾ ਹੈ।

**ਫਾਰਮ - 7 ਕਿਥੇ ਦਾਖਲ ਕੀਤਾ ਜਾਵੇ**

1. ਸੁਧਾਈ ਦੇ ਸਮੇਂ ਦੌਰਾਨ, ਬਿਨੈਕਾਰ ਉਨ੍ਹਾਂ ਦੁਆਰਾ ਦੱਸੇ ਸਥਾਨਾਂ (ਖਾਸ ਕਰਕੇ ਮਤਦਾਨ ਕੇਂਦਰ ਤੇ) ਜਿਥੇ ਚੋਣ ਹਲਕੇ ਦੀ ਵੋਟਰ ਸੂਚੀ ਦਰਸਾਈ ਗਈ ਹੋਵੇ, ਦੇ ਨਾਲ ਨਾਲ ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਅਤੇ ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕੋਲ ਦਾਖਲ ਕੀਤਾ ਜਾ ਸਕਦਾ ਹੈ।

2. ਸਾਲ ਦੇ ਹੋਰ ਸਮੇਂ ਦੌਰਾਨ ਜਦੋਂ ਸੁਧਾਈ ਦਾ ਕੰਮ ਨਹੀਂ ਚੱਲ ਰਿਹਾ ਹੋਵੇ, ਤਾਂ ਬਿਨੈ-ਪੱਤਰ ਕੇਵਲ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕੋਲ ਹੀ ਦਾਖਲ ਕੀਤਾ ਜਾ ਸਕਦਾ ਹੈ।

**ਫਾਰਮ - 7 ਕਿਵੇਂ ਭਰੀਏ**

1. ਬਿਨੈ-ਪੱਤਰ ਉਸ ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ, ਜਿਥੇ ਉਸ ਵੋਟਰ ਸੂਚੀ ਵਿਚ ਦਰਜ ਕੋਈ ਹੋਰ ਵੋਟਰ ਕਿਸੀ ਤਜਵੀਤ ਇੰਦਰਾਜ ਨੂੰ ਦਾਖਲ ਕਰਨ ਲਈ ਇਤਰਾਜ ਕਰਦਾ ਹੈ। ਖਾਲੀ ਥਾਂ ਵਿਚ ਚੋਣ ਹਲਕੇ ਦੇ ਨਾਮ ਦਾ ਵੇਰਵਾ ਦਿੱਤਾ ਜਾਣਾ ਚਾਹੀਦਾ ਹੈ।

2. <u>ਉਸ ਵਿਅਕਤੀ ਦਾ ਵੇਰਵਾ ਜਿਸਦਾ ਨਾਮ ਸ਼ਾਮਲ ਕਰਨ ਤੇ ਇਤਰਾਜ ਹੈ/ਉਸ ਵਿਅਕਤੀ ਦਾ ਵੇਰਵਾ ਜਿਸਦਾ ਨਾਮ ਕੱਟਿਆ ਜਾਣਾ ਹੈ:</u>

ਦੋਨਾਂ ਵਿਕਲਪਾਂ ਵਿਚੋਂ ਪਹਿਲਾ ਵਿਕਲਪ ਵੋਟਰ ਸੂਚੀ ਦੀ ਸੁਧਾਈ ਦੌਰਾਨ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸਨਾ ਤੋਂ ਬਾਅਦ ਢੁੱਕਵਾਂ ਹੈ। ਦੂਸਰੇ ਸ਼ਬਦਾ ਵਿਚ ਮੁੱਢਲੀ ਵੋਟਰ ਸੂਚੀ ਵਿਚ ਇਤਰਾਜ ਯੋਗ ਇੰਦਰਾਜਾਂ ਨੂੰ ਵੋਟਰ ਸੂਚੀ ਵਿਚੋਂ ਅੰਤਿਮ ਪ੍ਰਕਾਸ਼ਨਾ ਦੇ ਸਮੇਂ ਕਟੌਤੀ ਸੂਚੀ ਵਿਚ ਦਰਸ਼ਾਉਣ ਲਈ ਹੈ। ਦੂਸਰਾ ਵਿਕਲਪ ਵੋਟਰ ਸੂਚੀ ਦੀ ਅੰਤਮ ਪ੍ਰਕਾਸ਼ਨਾ ਤੋਂ ਬਾਅਦ ਵੋਟਰ ਸੂਚੀ ਦੇ ਸਰਸਰੀ ਸੁਧਾਈ ਦੇ ਦੌਰਾਨ ਢੁੱਕਵਾਂ ਹੈ। ਦੂਸਰੇ ਸ਼ਬਦਾਂ ਵਿਚ ਅੰਤਿਮ ਵੋਟਰ ਸੂਚੀ ਵਿਚ ਸ਼ਾਮਲ ਕਿਸੇ ਇੰਦਰਾਜ ਦੀ ਕਟੌਤੀ ਲਈ ਹੈ। (ਕਿਰਪਾ ਕਰਕੇ ਫਾਰਮ ਭਰਦੇ ਸਮੇਂ ਅਣਉਚਿਤ ਵਿਕਲਪ ਕੱਟ ਦਿਓ)। ਜਿਸ ਵਿਅਕਤੀ ਦੇ ਨਾਮ ਦੇ ਇੰਦਰਾਜ ਤੇ ਇਤਰਾਜ ਕੀਤਾ ਗਿਆ ਹੈ ਜਾਂ ਕਟੋਤੀ ਲਈ ਕਿਹਾ ਗਿਆ ਹੈ, ਵੋਟਰ ਸੂਚੀ ਵਿਚ ਉਸ ਨਾਲ ਸਬੰਧਤ ਹੋਰ ਵੇਰਵੇ , ਭਾਗ ਨੰਬਰ, ਵੋਟਰ ਸੂਚੀ ਦੇ ਉਸ ਭਾਗ ਵਿਚ ਦਰਜ ਲੜੀ ਨੰਬਰ ਅਤੇ ਉਸ ਵਿਅਕਤੀ ਨੂੰ ਜਾਰੀ, ਫੋਟੋ ਸ਼ਨਾਖਤੀ ਕਾਰਡ ਦਾ ਲੜੀ ਨੰਬਰ ਆਦਿ ਵੀ ਭਰਿਆ ਜਾਣਾ ਹੈ। ਇਹ ਵੇਰਵੇ ਵੋਟਰ ਸੂਚੀ ਦੇ ਸਬੰਧਤ ਭਾਗ ਵਿਚ ਉਪਲੱਬਧ ਹਨ। ਵੋਟਰ ਸੂਚੀ ਦਾ ਭਾਗ ਨੰਬਰ ਵੋਟਰ ਸੂਚੀ ਦੇ ਸੱਜੇ ਪਾਸੇ ਸੱਭ ਤੋਂ ਉਪਰ ਕੋਨੇ ਵਿੱਚ ਛਪਿਆ ਹੁੰਦਾ ਹੈ। ਹਰ ਇਕ ਇੰਦਰਾਜ ਨੂੰ ਇਕ ਲੜੀ ਨੰਬਰ ਦਿੱਤਾ ਜਾਂਦਾ ਹੈ। ਕਿਰਪਾ ਕਰਕੇ ਵੋਟਰ ਸੂਚੀ ਨੂੰ ਜਾਂਚ ਲਓ ਅਤੇ ਲੜੀ ਨੰਬਰ ਲਿਖੋ ਜਿਸ ਵਿਚ ਉਸ ਵਿਅਕਤੀ ਦਾ ਨਾਮ ਜਿਸ ਦੇ ਇੰਦਰਾਜ ਤੇ ਇਤਰਾਜ ਕੀਤਾ ਗਿਆ ਹੈ ਜਾਂ ਕਟੌਤੀ ਦਾ ਇਤਰਾਜ ਕੀਤਾ ਗਿਆ ਹੈ, ਸੂਚੀਬੱਧ ਹੈ। ਜੇਕਰ ਪਹਿਲਾਂ ਹੀ ਸ਼ਨਾਖਤੀ ਕਾਰਡ ਜਾਰੀ ਕੀਤਾ ਜਾ ਚੁੱਕਾ ਹੈ ਤਾਂ ਉਸਦਾ ਲੜੀ ਨੰਬਰ ਵੀ ਉਸ ਇੰਦਰਾਜ ਦੇ ਅੱਗੇ ਛਪਿਆ ਹੋਵੇਗਾ। ਕਿਰਪਾ ਕਰਕੇ ਦਿੱਤੇ ਗਏ ਸਥਾਨ ਤੇ ਸ਼ਨਾਖਤੀ ਕਾਰਡਾ ਦਾ ਲੜੀ ਨੰਬਰ ਲਿਖੋ।

ਕਿਸੀ ਇੰਦਰਾਜ ਨੂੰ ਸ਼ਾਮਲ ਕਰਨ ਤੇ ਇਤਰਾਜ ਲਈ ਜਾਂ ਕਿਸੀ ਇੰਦਰਾਜ ਨੂੰ ਕੱਟਣ ਲਈ ਅਲੱਗ-ਅਲੱਗ ਬਿਨੈ-ਪੱਤਰ ਦੇਣ ਦੀ ਲੋੜ ਹੈ।

3. ਇਤਰਾਜਕਰਤਾ ਦਾ ਵੇਰਵਾ

ਇਕ ਇਤਰਾਜਕਰਤਾ ਫਾਰਮ -7 ਵਿਚ ਕੇਵਲ ਉਨ੍ਹਾਂ ਵਿਅਕਤੀਆਂ ਦੇ ਸਬੰਧ ਵਿਚ ਹੀ ਇਤਰਾਜ ਦਰਜ ਕਰਵਾ ਸਕਦਾ ਹੈ ਜਿਥੇ ਵੋਟਰ ਸੂਚੀ ਵਿਚ ਉਸਦਾ ਨਾਮ ਦਰਜ ਹੈ। ਬਿਨੈ-ਪੱਤਰ ਦੇ ਦੂਜੇ ਭਾਗ ਵਿਚ ਦਰਸਾਏ ਗਏ ਸਥਾਨ ਤੇ ਇਤਰਾਜਕਰਤਾ ਦਾ ਆਪਣਾ ਨਾਮ, ਉਪਨਾਮ, ਰਿਸ਼ਤੇਦਾਰ ਦਾ ਨਾਮ (ਪਿਤਾ, ਮਾਤਾ, ਪਤੀ) ਲਿੰਗ, ਵੋਟਰ ਸੂਚੀ ਦਾ ਭਾਗ ਨੰਬਰ ਅਤੇ ਲੜੀ ਨੰਬਰ ਜਿਸ ਵਿਚ ਉਸਦਾ ਨਾਮ ਦਰਜ ਹੈ, ਭਰਨਾ ਹੈ।

ਇਤਰਾਜਕਰਤਾ ਨੂੰ ਬਿਨੈ-ਪੱਤਰ ਦੇ ਤੀਸਰੇ ਭਾਗ ਵਿਚ ਦਿੱਤੇ ਗਏ ਖਾਲੀ ਸਥਾਨ ਤੇ ਆਪਣਾ ਪੂਰਾ ਪਤਾ ਭਰਨਾ ਹੋਵੇਗਾ।

4. ਇਤਰਾਜ/ ਕਟੌਤੀ ਦੇ ਕਾਰਨ

ਬਿਨੈ-ਪੱਤਰ ਦੇ ਚੌਥੇ ਭਾਗ ਵਿਚ ਇਤਰਾਜਕਰਤਾ ਨੂੰ ਸਪਸ਼ਟ ਕਰਨਾ ਹੋਵੇਗਾ ਕਿ ਉਸਦੇ ਅਨੁਸਾਰ ਜਿਸਦੇ ਨਾਮ ਤੇ ਇਤਰਾਜ ਕੀਤਾ ਗਿਆ ਹੈ ਉਹ ਵੋਟਰ ਸੂਚੀ ਦੇ ਉਸ ਭਾਗ ਵਿਚ ਸ਼ਾਮਲ ਕੀਤੇ ਜਾਣ ਤੇ ਉਸਨੂੰ ਇਤਰਾਜ ਕਿਉਂ ਹੈ, ਅਰਥਾਤ ਮੌਤ ਹੋ ਜਾਣ ਕਾਰਨ, ਤਬਾਦਲਾ ਹੋ ਜਾਣ ਕਾਰਨ ਜਾਂ ਦਰਜ ਪਤੇ ਤੇ ਆਮ ਰਿਹਾਇਸ਼ ਨਾ ਹੋਣ ਕਾਰਣ ਆਦਿ। ਨਾਮ ਦੀ ਕਟੌਤੀ ਲਈ ਦਿੱਤੇ ਗਏ ਕਾਰਣਾਂ ਨੂੰ ਪ੍ਰਮਾਣਿਤ ਕਰਨ ਲਈ ਸਬੂਤਾਂ ਨੂੰ ਪੇਸ਼ ਕਰਨ ਦੀ ਜਿੰਮੇਵਾਰੀ ਇਤਰਾਜਕਰਤਾ ਦੀ ਹੋਵੇਗੀ।

5. ਘੋਸ਼ਣਾ

ਬਿਨੈ-ਪੱਤਰ ਦੇ ਪੰਜਵੇਂ ਭਾਗ ਵਿਚ ਬਿਨੈਕਾਰ ਨੂੰ ਜਰੂਰੀ ਘੋਸ਼ਣਾ ਕਰਨੀ ਪਵੇਗੀ ਕਿ ਬਿਨੈ-ਪੱਤਰ ਵਿਚ ਦਿੱਤੀ ਗਈ ਜਾਣਕਾਰੀ ਬਿਨੈਕਾਰ ਦੇ ਗਿਆਨ ਅਤੇ ਵਿਸ਼ਵਾਸ ਦੇ ਅਨੁਸਾਰ ਸੱਚ ਹੈ। ਬਿਨੈਕਾਰ ਉਹ ਮਿਤੀ ਸੂਚਿਤ ਕਰੇ ਜਦੋਂ ਤੋਂ ਉਹ ਉਸ ਦਿੱਤੇ ਹੋਏ ਪਤੇ ਤੇ ਰਹਿ ਰਿਹਾ ਹੈ। ਝੂਠੀ ਘੋਸ਼ਣਾ ਕਰਨਾ ਲੋਕ ਪ੍ਰਤੀਨਿਧਤਾ ਐਕਟ, 1950 ਦੀ ਧਾਰਾ 31 ਦੇ ਅਧੀਨ ਦੰਡ ਯੋਗ ਹੈ।